



# ਨਹੀਂ।




# ਜਾਣੋ।

ਨਿਯਮਾਂ ਨੂੰ ਜਾਣੋ। **£120** ਦੇ ਜੁਰਮਾਨੇ ਤੋਂ ਬਚੋ।

# ਤੁਹਾਨੂੰ ਕੀ ਜਾਣਨ ਦੀ ਲੋੜ ਹੈ

**ਟ੍ਰਾਂਸਪੋਰਟ ਫ਼ਾਰ ਲੰਦਨ (TfL) ਅਤੇ ਲੰਦਨ ਦੇ 33 ਬਰੋਜ਼ ਲੰਦਨ ਦੀ ਆਵਾਜਾਈ ਨੂੰ ਚੱਲਦੇ ਰੱਖਣ ਲਈ ਵਚਨਬੱਧ ਹਨ। ਇਹ ਯਕੀਨੀ ਬਣਾ ਕੇ ਕਿ ਡਰਾਈਵਰਾਂ ਨੂੰ ਸੜਕ ਦੇ ਨਿਯਮਾਂ ਦੀ ਜਾਣਕਾਰੀ ਹੋਵੇ ਅਤੇ ਉਹ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨ, ਅਸੀਂ ਲੰਦਨ ਵਿੱਚ ਹਰ ਇੱਕ ਵਿਅਕਤੀ ਲਈ ਡਰਾਈਵਿੰਗ ਨੂੰ ਘੱਟ ਤਣਾਉ-ਭਰਿਆ ਅਤੇ ਸੁਰੱਖਿਅਤ ਬਣਾ ਸਕਦੇ ਹਾਂ।**

TfL ਲੰਦਨ ਦੇ ਲਾਲ ਰੂਟ ਨੈਟਵਰਕ ਲਈ ਜ਼ਿੰਮੇਵਾਰ ਹੈ; ਲੰਦਨ ਦੇ 33 ਬਰੋਜ਼ ਆਪੋ-ਆਪਣੇ ਬਰੋ ਵਿੱਚ ਦੂਜੀਆਂ ਸੜਕਾਂ ਲਈ ਜ਼ਿੰਮੇਵਾਰ ਹਨ, ਜਿਨ੍ਹਾਂ ਨੂੰ ਇਥੇ 'ਬਰੋ ਸੜਕਾਂ' ਕਿਹਾ ਗਿਆ ਹੈ।

ਇਸ ਕਿਤਾਬਚੇ ਵਿੱਚ, ਅਸੀਂ ਉਨ੍ਹਾਂ ਨਿਯਮਾਂ ਦੀ ਜਾਣਕਾਰੀ ਦਿੰਦੇ ਹਾਂ ਜਿਹੜੇ ਆਵਾਜਾਈ ਦੀਆਂ ਸਮੱਸਿਆਵਾਂ ਅਤੇ ਭੀੜ-ਭੜੱਕੇ ਦੇ ਸਭ ਤੋਂ ਗੰਭੀਰ ਕਾਰਨਾਂ ਨਾਲ ਸੰਬੰਧਤ ਹਨ, ਇਨ੍ਹਾਂ ਵਿੱਚ ਸ਼ਾਮਲ ਹਨ:

- ਲਾਲ ਰੂਟਾਂ ਅਤੇ ਬਰੋ ਸੜਕਾਂ 'ਤੇ ਵਾਹਨ ਖੜ੍ਹਾ ਕਰਨ ਅਤੇ ਰੋਕਣ ਸਬੰਧੀ ਉਲੰਘਣਾਵਾਂ
- ਬੱਸ ਲੇਨਜ਼ ਵਿੱਚ ਵਾਹਨ ਚਲਾਉਣ, ਰੋਕਣ ਅਤੇ ਖੜ੍ਹਾ ਕਰਨ ਸਬੰਧੀ ਉਲੰਘਣਾਵਾਂ
- ਗਤੀਸ਼ੀਲ ਉਲੰਘਣਾਵਾਂ - ਮਿਸਾਲ ਵਜੋਂ ਪੀਲੇ ਖ਼ਾਨੇ ਵਾਲੇ ਜੰਕਸ਼ਨ ਵਿੱਚ ਰੁਕਣਾ

TfL ਅਤੇ ਲੰਦਨ ਦੇ 33 ਬਰੋ ਟ੍ਰੈਫ਼ਿਕ ਵਾਰਡਨਾਂ, ਪਾਰਕਿੰਗ ਅਟੇਂਡੰਟਾਂ, ਟ੍ਰੈਫ਼ਿਕ ਪੁਲਿਸ ਕਮਿਊਨਿਟੀ ਸਪੋਰਟ ਆਫ਼ਿਸਰਾਂ, ਅਤੇ ਕੈਮਰਿਆਂ ਦੇ ਵਿਸ਼ਾਲ ਜਾਲ ਨੂੰ ਵਰਤਦੇ ਹਨ, ਜੋ ਕਿ ਨਿਯਮਾਂ ਨੂੰ ਲਾਗੂ ਕਰਨ ਲਈ 24 ਘੰਟੇ 7 ਦਿਨ ਕੰਮ ਕਰਦੇ ਹਨ। ਕੁਝ ਹਾਲਾਤਾਂ ਵਿੱਚ ਤੁਹਾਡਾ ਵਾਹਨ ਹਟਾਇਆ ਜਾ ਸਕਦਾ ਹੈ ਅਤੇ ਜ਼ਬਤ ਕੀਤਾ ਜਾ ਸਕਦਾ ਹੈ।

ਜੇ ਤੁਹਾਨੂੰ ਟ੍ਰੈਫ਼ਿਕ ਦੇ ਨਿਯਮਾਂ ਬਾਰੇ ਹੋਰ ਜਾਣਕਾਰੀ ਦੀ ਲੋੜ ਹੋਵੇ, ਤਾਂ **tfl.gov.uk/driving** 'ਤੇ ਪਧਾਰੋ

# ਲਾਲ ਰੂਟਾਂ 'ਤੇ ਵਾਹਨ ਖੜ੍ਹਾ ਕਰਨਾ ਅਤੇ ਰੋਕਣਾ

ਲਾਲ ਰੂਟ ਨੈਟਵਰਕ (ਜਿਸ 'ਤੇ ਲੰਦਨ ਦੀਆਂ ਮੁੱਖ ਸੜਕਾਂ ਦੀ 35% ਆਵਾਜਾਈ ਚੱਲਦੀ ਹੈ) 'ਤੇ ਆਵਾਜਾਈ ਨੂੰ ਬਿਨਾਂ ਕਿਸੇ ਰੁਕਾਵਟ ਦੇ ਚੱਲਦੇ ਰੱਖਣਾ TfL ਦੀ ਜ਼ਿੰਮੇਵਾਰੀ ਹੈ। ਲਾਲ ਰੂਟਾਂ 'ਤੇ ਵਾਹਨ ਰੋਕਣ ਅਤੇ ਖੜ੍ਹਾ ਕਰਨ 'ਤੇ ਪਾਬੰਦੀਆਂ ਹਨ ਜਿਹਨਾਂ ਦੀ ਪਛਾਣ ਲਾਲ ਨੋ-ਸਟਾਪਿੰਗ (ਰੁਕਣਾ-ਨਹੀਂ) ਲਾਈਨਾਂ ਅਤੇ ਸੜਕ 'ਤੇ ਲੱਗੇ ਚਿੰਨ੍ਹਾਂ ਤੋਂ ਕੀਤੀ ਜਾ ਸਕਦੀ ਹੈ, ਇਹ ਦਰਸਾਉਂਦੇ ਹਨ ਕਿ ਕਿਸੇ ਵਾਹਨ ਨੂੰ ਖੜ੍ਹਾ ਕਰਨ, ਰੋਕਣ, ਸਮਾਨ ਲੱਦਣ ਅਤੇ ਉਤਾਰਨ ਦੀ ਇਜਾਜ਼ਤ ਕਿਸ ਸਮੇਂ ਹੁੰਦੀ ਹੈ।

**ਲਾਲ ਰੂਟਾਂ 'ਤੇ ਗੈਰ-ਕਾਨੂੰਨੀ ਤਰੀਕੇ ਨਾਲ ਵਾਹਨ ਖੜ੍ਹਾ ਕਰਨ ਅਤੇ ਰੋਕਣ ਨਾਲ ਸਿਸਟਮ ਵਿੱਚ ਜਾਮ ਅਤੇ ਰੁਕਾਵਟਾਂ ਪੈਦਾ ਹੁੰਦੀਆਂ ਹਨ - ਅਤੇ ਇਸ ਦੇ ਨਤੀਜੇ ਵਜੋਂ £120 ਦਾ ਜੁਰਮਾਨਾ ਕੀਤਾ ਜਾਵੇਗਾ। ਹਮੇਸ਼ਾ ਸੜਕ ਕਿਨਾਰੇ ਲੱਗੇ ਚਿੰਨ੍ਹ ਵੇਖੋ।**

ਲਾਲ ਰੂਟਾਂ 'ਤੇ **ਬਲਿਊ ਬੈਜ ਵਾਲਿਆਂ** ਲਈ ਸਮਰਪਿਤ ਖੇਤਰ ਬਣੇ ਹੋਏ ਹਨ, ਜਿੱਥੇ ਉਹ ਇਸਦੇ ਲਾਗੂ ਹੋਣ ਦੇ ਸਮੇਂ ਦੌਰਾਨ ਅਸੀਮਿਤ ਸਮੇਂ ਲਈ ਰੁਕ ਸਕਦੇ ਹਨ। ਜਿੱਥੇ ਚਿੰਨ੍ਹ ਆਗਿਆ ਦੇਵੇ, ਉੱਥੇ ਉਹ ਵੱਧ ਤੋਂ ਵੱਧ ਤਿੰਨ ਘੰਟਿਆਂ ਲਈ ਲਦਾਈ ਵਾਲੇ ਖਾਨਿਆਂ ਵਿੱਚ ਵੀ ਰੁਕ ਸਕਦੇ ਹਨ, ਅਤੇ ਲਾਲ ਲਾਈਨਾਂ 'ਤੇ ਸਵਾਰੀਆਂ ਵੀ ਚੜ੍ਹਾਈਆਂ ਜਾਂ ਉਤਾਰੀਆਂ ਜਾ ਸਕਦੀਆਂ ਹਨ, ਬਸ਼ਰਤੇ ਕਿ ਬਲਿਊ ਬੈਜ ਪ੍ਰਦਰਸ਼ਿਤ ਕੀਤਾ ਗਿਆ ਹੋਵੇ।

ਬੱਸ ਯਾਤਰੀਆਂ ਅਤੇ ਪੈਦਲ ਚੱਲਣ ਵਾਲਿਆਂ ਲਈ ਸੜਕ ਦੇ ਨਾਲ ਬਣੇ ਬੱਸ ਸਟਾਪਾਂ ਤੱਕ ਪਹੁੰਚਣਾ ਸੌਖਾ ਅਤੇ ਸੁਰੱਖਿਅਤ ਬਣਾਉਣ ਵਿੱਚ ਮਦਦ ਲਈ ਹਾਲ ਹੀ ਵਿੱਚ ਸੜਕ 'ਤੇ ਨਿਸ਼ਾਨ ਲਗਾਉਣ ਦੀ ਇੱਕ ਨਵੀਂ 'ਚੌੜੀ ਲਾਲ ਲਾਈਨ' ਯੋਜਨਾ ਲੰਦਨ ਦੇ ਸਭ ਤੋਂ ਵੱਧ ਰੁੱਝੇ ਹੋਏ ਰੇਲਵੇ ਸਟੇਸ਼ਨਾਂ ਦੇ ਬਾਹਰ ਲਾਗੂ ਕੀਤੀ ਗਈ ਹੈ। ਬੱਸਾਂ ਤੋਂ ਛੁੱਟ – ਕਿਸੇ ਨੂੰ ਵੀ ਚੌੜੀਆਂ ਲਾਲ ਲਾਈਨਾਂ 'ਤੇ ਰੁਕਣ ਦੀ ਆਗਿਆ ਬਿਲਕੁਲ ਨਹੀਂ ਹੈ। ਟੈਕਸੀਆਂ ਅਤੇ ਬਲਿਊ ਬੈਜ ਵਾਲਿਆਂ ਨੂੰ ਰੁਕਣ ਦੀ ਆਗਿਆ ਨਹੀਂ ਹੈ।

# ਇਨ੍ਹਾਂ ਚਿੰਨ੍ਹਾਂ ਦਾ ਧਿਆਨ ਰੱਖੋ

## ਲਾਲ ਰੂਟ

ਵਿਖਾਏ ਗਏ ਚਿੰਨ੍ਹ ਸਿਰਫ਼ ਉਦਾਹਰਨਾਂ ਹਨ। ਹਮੇਸ਼ਾ ਲਾਲ ਰੂਟ ਪਾਬੰਦੀ ਦੇ ਨਾਲ ਲੱਗੀ ਸਮਾਂ ਪਲੇਟ ਵੇਖੋ।

### ਦੂਹਰੀਆਂ ਲਾਲ ਲਾਈਨਾਂ ਅਤੇ ਚਿੰਨ੍ਹ

ਕਿਸੇ ਵੀ ਸਮੇਂ ਰੁਕਣ ਦੀ ਇਜਾਜ਼ਤ ਨਹੀਂ ਹੁੰਦੀ।







### ਇਕਹਿਰੀਆਂ ਲਾਲ ਲਾਈਨਾਂ ਅਤੇ ਚਿੰਨ੍ਹ

ਸਵੇਰੇ 7 ਤੋਂ ਸ਼ਾਮ 7 ਵਜੇ ਤਕ ਰੁਕਣ, ਸਮਾਨ ਲੱਦਣ, ਜਾਂ ਸਵਾਰੀਆਂ ਚੜ੍ਹਾਉਣ ਜਾਂ ਉਤਾਰਨ ਦੀ ਇਜਾਜ਼ਤ ਨਹੀਂ ਹੁੰਦੀ।




### ਲਾਲ ਰੂਟ ਕਲੀਅਰਵੇ

ਲਾਲ ਰੂਟ ਨੈਟਵਰਕ ਦਾ ਹੀ ਹਿੱਸਾ ਹੁੰਦਾ ਹੈ, ਜਿੱਥੇ ਸਿਰਫ਼ ਨਿਸ਼ਾਨ ਲੱਗੇ ਹੋਏ ਲੇ-ਬਾਈ (ਪਾਸਿਓਂ ਚੌੜੀ ਕੀਤੀ ਗਈ ਸੜਕ) ਵਿੱਚ ਰੁਕਣ ਦੀ ਇਜਾਜ਼ਤ ਹੁੰਦੀ ਹੈ। ਇਨ੍ਹਾਂ ਸੜਕਾਂ 'ਤੇ ਚਿੰਨ੍ਹ ਲੱਗੇ ਹੁੰਦੇ ਹਨ ਪਰ ਕੁਝ ਚੌਕਾਂ ਅਤੇ ਜੰਕਸ਼ਨਾਂ ਤੋਂ ਇਲਾਵਾ ਬਾਕੀ ਥਾਵਾਂ 'ਤੇ ਕੋਈ ਲਾਲ ਲਾਈਨ ਨਹੀਂ ਹੁੰਦੀ।



## ਰੁਕਣ ਲਈ ਖ਼ਾਨੇ

ਇਹ ਸੜਕ 'ਤੇ ਲਾਲ ਜਾਂ ਸਫ਼ੇਦ ਰੰਗ ਵਿੱਚ ਸਪਸ਼ਟ ਨਿਸ਼ਾਨ ਲਗਾ ਕੇ ਵਿਖਾਏ ਗਏ ਹੁੰਦੇ ਹਨ।

## ਲਾਲ ਖ਼ਾਨੇ

ਘੱਟ ਰੁੱਝੇ ਸਮੇਂ (ਆਮ ਤੌਰ 'ਤੇ ਸਵੇਰੇ 10 ਤੋਂ ਸ਼ਾਮ 4 ਵਜੇ ਦੇ ਵਿਚਕਾਰ) 'ਤੇ ਵਾਹਨ ਖੜ੍ਹਾ ਕਰਨ ਜਾਂ ਸਮਾਨ ਲੱਦਣ ਦੀ ਇਜਾਜ਼ਤ ਹੁੰਦੀ ਹੈ। ਕਈ ਵੱਖ-ਵੱਖ ਤਰ੍ਹਾਂ ਦੇ ਖ਼ਾਨੇ ਹੁੰਦੇ ਹਨ। ਕੁਝ ਸਮਾਨ ਲੱਦਣ ਅਤੇ ਉਤਾਰਨ ਦੀ ਇਜਾਜ਼ਤ ਦਿੰਦੇ ਹਨ, ਦੂਜੇ ਥੋੜ੍ਹੇ ਸਮੇਂ ਲਈ ਵਾਹਨ ਖੜ੍ਹਾ ਕਰਨ ਦੀ ਇਜਾਜ਼ਤ ਦਿੰਦੇ ਹਨ। ਬਲਿਊ ਬੈਜ ਵਾਲਿਆਂ ਲਈ ਖ਼ਾਸ ਸ਼ਰਤਾਂ ਲਾਗੂ ਹੁੰਦੀਆਂ ਹਨ। **ਸਮੇਂ ਅਤੇ ਸ਼ਰਤਾਂ ਖ਼ਾਨੇ ਦੇ ਨਾਲ ਲੱਗੇ ਚਿੰਨ੍ਹ ਵਿੱਚ ਸਾਫ਼-ਸਾਫ਼ ਦੱਸੀਆਂ ਗਈਆਂ ਹੁੰਦੀਆਂ ਹਨ।**




## ਸਫ਼ੇਦ ਖ਼ਾਨੇ

ਦਿਨ ਦੇ ਕਿਸੇ ਵੀ ਸਮੇਂ ਵਾਹਨ ਖੜ੍ਹਾ ਕਰਨ ਜਾਂ ਸਮਾਨ ਲੱਦਣ ਦੀ ਇਜਾਜ਼ਤ ਹੁੰਦੀ ਹੈ। **ਸ਼ਰਤਾਂ ਖ਼ਾਨੇ ਦੇ ਨਾਲ ਲੱਗੇ ਚਿੰਨ੍ਹ ਵਿੱਚ ਸਾਫ਼-ਸਾਫ਼ ਦੱਸੀਆਂ ਗਈਆਂ ਹੁੰਦੀਆਂ ਹਨ।**




ਜਦੋਂ ਤੁਸੀਂ ਆਪਣੀ ਯਾਤਰਾ ਦੀ ਯੋਜਨਾ ਬਣਾਉਂਦੇ ਹੋ ਤਾਂ ਲੰਦਨ ਦੇ ਸਾਰੇ ਲਾਲ ਰੂਟਾਂ ਦਾ ਨਕਸ਼ਾ **tfl.gov.uk/driving** 'ਤੇ ਮਿਲ ਸਕਦਾ ਹੈ

# ਬਰੋ ਸੜਕਾਂ 'ਤੇ ਵਾਹਨ ਖੜ੍ਹਾ ਕਰਨਾ ਅਤੇ ਰੋਕਣਾ

ਲੰਦਨ ਦੇ 33 ਬਰੋਜ਼ ਇਕਹਿਰੀਆਂ ਅਤੇ ਦੂਹਰੀਆਂ ਪੀਲੀਆਂ ਲਾਈਨਾਂ 'ਤੇ ਵਾਹਨ ਖੜ੍ਹਾ ਕਰਨ ਸਮੇਤ ਵਾਹਨ ਖੜ੍ਹਾ ਕਰਨ ਅਤੇ ਰੋਕਣ ਦੇ ਬਹੁਤ ਸਾਰੇ ਅਪਰਾਧਾਂ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹਨ। ਬਰੋ ਸੜਕਾਂ 'ਤੇ ਵਾਹਨ ਖੜ੍ਹਾ ਕਰਨ ਅਤੇ ਰੋਕਣ ਦੀਆਂ ਉਲੰਘਣਾਵਾਂ ਲਈ ਇੱਕ ਦੋ-ਦਰਜਾ ਜੁਰਮਾਨਾ ਪ੍ਰਣਾਲੀ ਲਾਗੂ ਕੀਤੀ ਗਈ ਹੈ ਇਸ ਲਈ ਜੁਰਮਾਨੇ ਦਾ ਪੱਧਰ ਕੀਤੇ ਗਏ ਅਪਰਾਧ ਦੀ ਕਿਸਮ 'ਤੇ ਨਿਰਭਰ ਕਰਦਾ ਹੈ।

## ਵਰਜਤ ਉਲੰਘਣਾਵਾਂ

ਇੱਕ ਵਰਜਤ ਉਲੰਘਣਾ ਨੂੰ ਵਾਹਨ ਖੜ੍ਹਾ ਕਰਨ ਅਤੇ ਰੋਕਣ ਦੇ ਨਿਯਮਾਂ ਦੀ ਇੱਕ ਸਖਤ ਉਲੰਘਣਾ ਮੰਨਿਆ ਜਾਂਦਾ ਹੈ ਜੋ ਮਹੱਤਵਪੂਰਨ ਰੂਪ ਵਿੱਚ ਹੋਰਨਾਂ ਸੜਕ ਵਰਤਣ ਵਾਲਿਆਂ 'ਤੇ ਅਸਰ ਪਾਉਂਦੀ ਹੈ। ਸਥਾਨਕ ਬਰੋ ਸੜਕਾਂ 'ਤੇ ਵਾਹਨ ਖੜ੍ਹਾ ਕਰਨ ਅਤੇ ਰੋਕਣ ਦੇ ਭਾਰੀ ਅਪਰਾਧਾਂ ਦੇ ਜੁਰਮਾਨੇ ਹੁਣ £120 ਤੱਕ ਹੋ ਸਕਦੇ ਹਨ। ਇਨ੍ਹਾਂ ਉਲੰਘਣਾਵਾਂ, ਜਿਨ੍ਹਾਂ ਦਾ ਹੋਰਨਾਂ ਸੜਕ ਵਰਤਣ ਵਾਲਿਆਂ 'ਤੇ ਗੰਭੀਰ ਅਸਰ ਪੈਂਦਾ ਮੰਨਿਆ ਜਾਂਦਾ ਹੈ, ਵਿੱਚ **ਸ਼ਾਮਲ** ਹਨ:

- ਇਕਹਿਰੀਆਂ ਪੀਲੀਆਂ ਲਾਈਨਾਂ 'ਤੇ ਨਿਯੰਤ੍ਰਿਤ ਸਮੇਂ ਦੌਰਾਨ ਵਾਹਨ ਖੜ੍ਹਾ ਕਰਨਾ
- ਦੂਹਰੀਆਂ ਪੀਲੀਆਂ ਲਾਈਨਾਂ 'ਤੇ ਕਿਸੇ ਵੀ ਸਮੇਂ ਵਾਹਨ ਖੜ੍ਹਾ ਕਰਨਾ
- ਵਾਹਨ ਨੂੰ ਕਿਸੇ ਪਾਰਕਿੰਗ ਬੇ ਦੇ ਅੰਦਰ ਖੜ੍ਹਾ ਨਾ ਕਰਕੇ ਸੜਕ ਦੇ ਕਿਨਾਰੇ ਤੋਂ 50 ਸੈਂਟੀਮੀਟਰ ਨਾਲੋਂ ਵੱਧ ਦੂਰ ਖੜ੍ਹਾ ਕਰਨਾ ਮਿਸਾਲ ਵਜੋਂ ਦੂਹਰੀ ਪਾਰਕਿੰਗ
- ਕਿਸੇ ਬਲਿਊ ਬੈਜ ਪਾਰਕਿੰਗ ਬੇ ਦੇ ਅੰਦਰ ਕੋਈ ਅਣਅਧਿਕਾਰਤ ਵਾਹਨ ਖੜ੍ਹਾ ਕਰਨਾ

ਇਕਹਿਰੀਆਂ ਪੀਲੀਆਂ ਲਾਈਨਾਂ ਉਸ ਖੇਤਰ ਨੂੰ ਦਰਸਾਉਂਦੀਆਂ ਹਨ ਜਿਥੇ ਵਾਹਨ ਖੜ੍ਹਾ ਕਰਨ ਦੀਆਂ ਪਾਬੰਦੀਆਂ ਲਾਗੂ ਹੁੰਦੀਆਂ ਹਨ। ਜਿਨ੍ਹਾਂ ਦਿਨਾਂ ਅਤੇ ਸਮੇਂ ਵਿੱਚ ਵਾਹਨ ਖੜ੍ਹਾ ਕਰਨ ਦੀ ਆਗਿਆ ਨਹੀਂ ਹੈ ਉਹ ਸੜਕੇ ਦੇ ਕਿਨਾਰੇ 'ਤੇ, ਜਾਂ ਕਿਸੇ ਨਿਯੰਤ੍ਰਿਤ ਪਾਰਕਿੰਗ ਜ਼ੋਨ ਦੇ ਦਾਖਲਾ ਬਿੰਦੂ 'ਤੇ ਲੱਗੇ ਕਿਸੇ ਚਿੰਨ੍ਹ 'ਤੇ ਦਿਖਾਏ ਗਏ ਹੁੰਦੇ ਹਨ।

ਦੂਹਰੀਆਂ ਪੀਲੀਆਂ ਲਾਈਨਾਂ ਦਾ ਮਤਲਬ ਹੈ ਕਿ ਵਾਹਨ ਖੜ੍ਹਾ ਕਰਨਾ ਜਾਂ ਉਡੀਕਣਾ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਭਾਵ 'ਕਿਸੇ ਵੀ ਸਮੇਂ' ਮਨ੍ਹਾਂ ਹੈ, ਬਸ਼ਰਤੇ ਚਿੰਨ੍ਹ ਵਿਸ਼ੇਸ਼ ਮੌਸਮੀ ਪਾਬੰਦੀਆਂ ਦਰਸਾਉਂਦੇ ਹੋਣ।

ਤੁਸੀਂ ਇਕਹਿਰੀਆਂ ਜਾਂ ਦੂਹਰੀਆਂ ਪੀਲੀਆਂ ਲਾਈਨਾਂ 'ਤੇ ਸਵਾਰੀਆਂ ਨੂੰ ਚੜ੍ਹਾਉਣ ਜਾਂ ਉਤਾਰਨ ਲਈ ਰੁਕ ਸਕਦੇ ਹੋ। ਤੁਸੀਂ ਸਮਾਨ ਲੱਦਣ ਜਾਂ ਲਾਹੁਣ ਲਈ ਵੀ ਰੁਕ ਸਕਦੇ ਹੋ ਜਦ ਤਕ ਕਿ ਸੜਕ ਦੇ ਕਿਨਾਰੇ 'ਤੇ ਪੀਲਾ ਨਿਸ਼ਾਨ ਅਤੇ ਇੱਕ ਚਿੰਨ੍ਹ ਨਾ ਲੱਗੇ ਹੋਣ ਜਿਸ 'ਤੇ ਲਿਖਿਆ ਹੋਵੇ ਕਿ ਤੁਹਾਨੂੰ ਆਗਿਆ ਨਹੀਂ ਹੈ। **ਹਮੇਸ਼ਾ ਸੜਕ ਕਿਨਾਰੇ ਲੱਗੇ ਚਿੰਨ੍ਹਾਂ ਨੂੰ ਦੇਖੋ।**

ਕਿਸੇ ਬਰੋ ਸੜਕ ਉੱਪਰ ਕੋਈ ਸਖਤ ਅਪਰਾਧ ਕਰਨ 'ਤੇ £120 ਤੱਕ ਦਾ ਜੁਰਮਾਨਾ ਲੱਗੇਗਾ।



## ਸੈਕੰਡਰੀ ਉਲੰਘਣਾਵਾਂ

ਸੈਕੰਡਰੀ ਉਲੰਘਣਾਵਾਂ ਵਾਹਨ ਖੜ੍ਹਾ ਕਰਨ ਦੀਆਂ ਉਹ ਉਲੰਘਣਾਵਾਂ ਹੁੰਦੀਆਂ ਹਨ ਜਿਨ੍ਹਾਂ ਦਾ ਹੋਰਨਾਂ ਸੜਕ ਵਰਤਣ ਵਾਲਿਆਂ 'ਤੇ ਘੱਟ ਗੰਭੀਰ ਅਸਰ ਪੈਂਦਾ ਮੰਨਿਆ ਜਾਂਦਾ ਹੈ। ਬਰੋ ਸੜਕਾਂ 'ਤੇ ਵਾਹਨ ਖੜ੍ਹਾ ਕਰਨ ਅਤੇ ਰੋਕਣ ਦੇ ਘੱਟ ਗੰਭੀਰ ਅਪਰਾਧਾਂ ਲਈ ਹੁਣ £80 ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਇਨ੍ਹਾਂ ਉਲੰਘਣਾਵਾਂ ਵਿੱਚ **ਸ਼ਾਮਲ** ਹਨ:

- ਕਿਸੇ ਮੀਟਰ ਨੇੜੇ ਜਾਂ ਪੇਅ ਐਂਡ ਡਿਸਪਲੇਅ ਬੇ ਵਿੱਚ ਬਿਨਾ ਭੁਗਤਾਨ ਕੀਤੇ ਵਾਹਨ ਖੜ੍ਹਾ ਕਰਨਾ
- ਵਾਪਸ ਨਾ ਆਉਣ ਦੀ ਸਮਾਂ ਮਿਆਦ ਦੇ ਅੰਦਰ-ਅੰਦਰ ਵਾਹਨ ਖੜ੍ਹਾ ਕਰਨ ਦੀ ਉਸੇ ਥਾਂ ਵਾਪਸ ਆ ਜਾਣਾ
- ਬੇਅ ਜਾਂ ਥਾਂ ਦੇ ਨਿਸ਼ਾਨਾਂ ਦੇ ਅੰਦਰ-ਅੰਦਰ ਠੀਕ ਢੰਗ ਨਾਲ ਵਾਹਨ ਖੜ੍ਹਾ ਨਾ ਕਰਨਾ

ਕਿਸੇ ਬਰੋ ਸੜਕ ਉੱਪਰ ਇੱਕ ਘੱਟ ਗੰਭੀਰ ਅਪਰਾਧ ਕਰਨ 'ਤੇ **£80** ਤੱਕ ਦਾ ਜੁਰਮਾਨਾ ਲੱਗੇਗਾ।

ਵਰਜਤ ਅਤੇ ਸੈਕੰਡਰੀ ਉਲੰਘਣਾਵਾਂ ਅਤੇ ਇਨ੍ਹਾਂ ਨੂੰ ਵਰਗੀਕ੍ਰਿਤ ਕੀਤੇ ਜਾਣ ਦੇ ਤਰੀਕੇ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ **tfl.gov.uk/driving** 'ਤੇ ਪਧਾਰੋ



# ਕਿਸੇ ਬੱਸ ਲੇਨ ਵਿੱਚ ਵਾਹਨ ਚਲਾਉਣਾ, ਰੋਕਣਾ ਜਾਂ ਖੜ੍ਹਾ ਕਰਨਾ




ਬੱਸਾਂ ਨੂੰ ਚੱਲਦੇ ਰੱਖਣਾ, ਪਬਲਿਕ ਆਵਾਜਾਈ ਵਿੱਚ ਸੁਧਾਰ ਕਰਨ ਅਤੇ ਭੀੜ-ਭੜੱਕੇ ਨੂੰ ਘਟਾਉਣ ਦਾ ਜ਼ਰੂਰੀ ਹਿੱਸਾ ਹੈ। ਲੰਦਨ ਦੀਆਂ ਸਾਰੀਆਂ ਬੱਸ ਲੇਨਜ਼ ਸੜਕ 'ਤੇ ਰੇਖਾਵਾਂ ਅਤੇ ਚਿੰਨ੍ਹਾਂ ਦੁਆਰਾ ਸਪਸ਼ਟ ਰੂਪ ਵਿੱਚ ਦਰਸਾਈਆਂ ਗਈਆਂ ਹਨ। ਬੱਸ ਲੇਨ ਦੇ ਚਾਲੂ ਰਹਿਣ ਦਾ ਸਮਾਂ - ਮਤਲਬ ਕਿ ਜਦੋਂ ਦੂਜੇ ਵਾਹਨਾਂ ਨੂੰ ਇਨ੍ਹਾਂ 'ਤੇ ਚੱਲਣ ਦੀ ਇਜਾਜ਼ਤ ਨਹੀਂ ਹੁੰਦੀ - ਸੜਕ ਕਿਨਾਰੇ ਲੱਗੇ ਚਿੰਨ੍ਹਾਂ 'ਤੇ ਦੱਸਿਆ ਗਿਆ ਹੁੰਦਾ ਹੈ। ਚਾਲੂ ਰਹਿਣ ਦੇ ਸਮੇਂ ਵੱਖ-ਵੱਖ ਹੋ ਸਕਦੇ ਹਨ, ਅਤੇ ਜੇ ਚਿੰਨ੍ਹ 'ਤੇ ਸਮੇਂ ਦੀ ਕੋਈ ਪਾਬੰਦੀ ਨਹੀਂ ਹੈ, ਤਾਂ ਬੱਸ ਲੇਨ ਹਮੇਸ਼ਾ ਚਾਲੂ ਰਹਿੰਦੀ ਹੈ।

**ਤੁਸੀਂ ਕੁਝ ਖਾਸ ਸਮਿਆਂ 'ਤੇ ਬੱਸ ਲੇਨਜ਼ ਵਿੱਚ ਵਾਹਨ ਚਲਾ ਸਕਦੇ ਹੋ - ਪਰ ਹਮੇਸ਼ਾ ਯਕੀਨੀ ਬਣਾਓ ਕਿ ਤੁਸੀਂ ਚਿੰਨ੍ਹਾਂ 'ਤੇ ਸਮੇਂ ਦੀਆਂ ਪਾਬੰਦੀਆਂ ਦੇਖਦੇ ਹੋ।**

**£120 ਦੇ ਜੁਰਮਾਨੇ ਤੋਂ ਬਚੋ। ਗ਼ਲਤ ਸਮੇਂ 'ਤੇ ਬੱਸ ਲੇਨ ਵਿੱਚ ਵਾਹਨ ਨਾ ਚਲਾਓ, ਨਾ ਰੋਕੋ ਅਤੇ ਨਾ ਹੀ ਖੜ੍ਹਾ ਕਰੋ।**




# ਆਵਾਜਾਈ ਨੂੰ ਬਿਨਾਂ ਕਿਸੇ ਰੁਕਾਵਟ ਦੇ ਅਤੇ ਸੁਰੱਖਿਅਤ ਰੂਪ ਵਿੱਚ ਚੱਲਦੇ ਰੱਖਣਾ

ਸੜਕਾਂ ਦੇ ਨਿਯਮਾਂ ਨੂੰ ਲਾਗੂ ਕਰਨ ਨਾਲ ਲੰਦਨ ਦੀ ਆਵਾਜਾਈ ਨੂੰ ਬਿਨਾਂ ਕਿਸੇ ਰੁਕਾਵਟ ਦੇ ਚਲਾਉਣ ਵਿੱਚ ਮਦਦ ਮਿਲਦੀ ਹੈ। ਸੜਕਾਂ ਦੇ ਚਿੰਨ੍ਹ, ਜੋ ਕਿ ਹਾਈਵੇ ਨਿਯਮਾਂ (Highway Code) ਦਾ ਹਿੱਸਾ ਹਨ, ਵੱਲ ਧਿਆਨ ਨਾ ਦੇਣ ਕਾਰਨ ਸੁਰੱਖਿਆ ਨਾਲ ਸੰਬੰਧਤ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਇੱਥੇ ਕੁਝ ਆਮ ਚਿੰਨ੍ਹ ਦੱਸੇ ਗਏ ਹਨ:

## ਪੀਲੇ ਖ਼ਾਨੇ ਵਾਲਾ ਜੰਕਸ਼ਨ

ਪੀਲੇ ਖ਼ਾਨੇ ਵਾਲੇ ਜੰਕਸ਼ਨ ਵਿੱਚ ਰੁਕਣਾ ਦੇਰੀ ਅਤੇ ਭੀੜ-ਭੜੱਕੇ ਦਾ ਕਾਰਨ ਬਣਦਾ ਹੈ। ਤੁਹਾਨੂੰ ਉਸ ਸਮੇਂ ਤਕ ਪੀਲੇ ਖ਼ਾਨੇ ਵਾਲੇ ਜੰਕਸ਼ਨ ਵਿੱਚ ਨਹੀਂ ਵੜਨਾ ਚਾਹੀਦਾ ਜਦੋਂ ਤਕ ਤੁਹਾਡਾ ਇਸ ਵਿੱਚੋਂ ਬਾਹਰ ਨਿਕਲਣ ਦਾ ਰਸਤਾ ਸਾਫ਼ ਨਹੀਂ ਹੁੰਦਾ। ਪਰ ਜਦੋਂ ਤੁਸੀਂ ਸੱਜੇ ਮੁੜਨਾ ਚਾਹੁੰਦੇ ਹੋ ਤਾਂ ਤੁਸੀਂ ਇਸ ਵਿੱਚ ਦਾਖ਼ਲ ਹੋ ਸਕਦੇ ਹੋ ਅਤੇ ਤੁਹਾਨੂੰ ਅਜਿਹਾ ਕਰਨ ਤੋਂ ਸਿਰਫ਼ ਸਾਮ੍ਹਣਿਓਂ ਆਉਂਦੀ ਆਵਾਜਾਈ ਜਾਂ ਅਜਿਹੇ ਦੂਜੇ ਵਾਹਨ ਰੋਕ ਸਕਦੇ ਹਨ, ਜੋ ਸੱਜੇ ਮੁੜਨ ਦੀ ਉਡੀਕ ਕਰ ਰਹੇ ਹੁੰਦੇ ਹਨ।



## ਵਰਜਿਤ ਮੋੜ



ਵਾਹਨਾਂ ਨੂੰ ਸੱਜੇ ਮੁੜਨ
ਦੀ ਇਜਾਜ਼ਤ ਨਹੀਂ।



ਵਾਹਨਾਂ ਨੂੰ ਯੂ-ਮੋੜ
ਦੀ ਇਜਾਜ਼ਤ ਨਹੀਂ।

## ਦਿਸ਼ਾਸੂਚਕ ਚਿੰਨ੍ਹ



ਇਕਤਰਫ਼ਾ ਆਵਾਜਾਈ।



ਵਾਹਨਾਂ ਲਈ ਅੱਗੇ ਤੀਰ ਦੇ
ਨਿਸ਼ਾਨ ਵੱਲ ਮੁੜਨਾ ਜ਼ਰੂਰੀ ਹੈ।

## ਵਾਹਨਾਂ 'ਤੇ ਮਨਾਹੀਆਂ



ਮੋਟਰ ਵਾਹਨਾਂ 'ਤੇ ਮਨਾਹੀ।

**ਇਥੇ ਦਿਖਾਈਆਂ ਗਈਆਂ ਸਾਰੀਆਂ ਉਲੰਘਣਾਵਾਂ 'ਤੇ £120 ਦਾ ਜੁਰਮਾਨਾ ਲੱਗੇਗਾ।**

ਸੜਕ ਦੇ ਚਿੰਨ੍ਹਾਂ ਦੀ ਪੂਰੀ ਸੂਚੀ ਲਈ, ਕਿਰਪਾ ਕਰਕੇ **tfl.gov.uk/driving** 'ਤੇ ਜਾਓ

## ਟ੍ਰੈਫ਼ਿਕ ਲਾਈਟਾਂ 'ਤੇ ਸਾਈਕਲ ਸਵਾਰ

ਟ੍ਰੈਫ਼ਿਕ ਲਾਈਟਾਂ ਵਾਲੇ ਜੰਕਸ਼ਨਾਂ 'ਤੇ ਰੁਕਣ ਲਈ ਆਧੁਨਿਕ ਖਾਨੇ ਬਣਾਏ ਗਏ ਹਨ ਤਾਂ ਜੋ ਸਾਈਕਲ ਸਵਾਰਾਂ ਨੂੰ ਬੱਤੀ ਦੇ ਹਰੇ ਹੋਣ ਦੀ ਉਡੀਕ ਵਿੱਚ ਖੜ੍ਹੇ ਮੋਟਰ ਵਾਹਨਾਂ ਦੀ ਕਤਾਰ ਤੋਂ ਪਹਿਲਾਂ ਸੁਰੱਖਿਅਤ ਰਸਤਾ ਦਿੱਤਾ ਜਾ ਸਕੇ।



ਜਦੋਂ ਤਕ ਟ੍ਰੈਫ਼ਿਕ ਲਾਈਟ ਹਰੀ ਨਹੀਂ ਹੋ ਜਾਂਦੀ ਅਤੇ ਅੱਗੇ ਵੱਧਣਾ ਸੁਰੱਖਿਅਤ ਨਹੀਂ ਬਣ ਜਾਂਦਾ, ਮੋਟਰ ਵਾਹਨਾਂ ਨੂੰ ਇਸ ਖੇਤਰ ਵਿੱਚ ਬਿਲਕੁਲ ਦਾਖ਼ਲ ਨਹੀਂ ਹੋਣਾ ਚਾਹੀਦਾ।

# ਲੰਦਨ ਨੂੰ ਚੱਲਦੇ ਰੱਖੋ

ਨਿਯਮਾਂ ਨੂੰ ਲਾਗੂ ਕਰਨ ਨਾਲ ਯਕੀਨੀ ਬਣਾਇਆ ਜਾ ਸਕੇਗਾ ਕਿ ਲੰਦਨ ਦੀਆਂ ਸੜਕਾਂ ਨੂੰ ਉਪਯੋਗ ਕਰਨ ਵਾਲੇ ਸਾਰੇ ਲੋਕਾਂ ਨੂੰ ਲਾਭ ਪਹੁੰਚ ਸਕੇ। ਜੇ ਬਿਨਾਂ ਸੋਚੇ ਸਮਝੇ ਵਾਹਨ ਖੜ੍ਹੇ ਕੀਤੇ ਜਾਂ ਰੋਕੇ ਨਾ ਜਾਣ, ਤਾਂ ਸਫ਼ਰ ਸੌਖੇ ਅਤੇ ਤੇਜ਼ ਬਣ ਜਾਣਗੇ, ਅਤੇ ਬੱਸਾਂ ਦੇ ਰੂਟ ਅਤੇ ਸੇਵਾਵਾਂ ਵਧੇਰੇ ਪ੍ਰਭਾਵੀ ਅਤੇ ਭਰੋਸੇਯੋਗ ਬਣ ਜਾਣਗੀਆਂ।

ਸਮਾਨ ਪਹੁੰਚਾਉਣ ਵਾਲੇ ਲੋਕਾਂ ਨੂੰ ਵੀ ਲਾਭ ਹੋਵੇਗਾ ਕਿਉਂਕਿ ਉਨ੍ਹਾਂ ਲਈ ਆਪਣਾ ਕੰਮ ਕਰਨਾ ਸੁਖਾਲਾ ਹੋ ਜਾਵੇਗਾ। ਪਰਚੂਨ ਦੀਆਂ ਦੁਕਾਨਾਂ ਲਈ ਸਮਾਨ ਲੱਦਣ ਅਤੇ ਉਤਾਰਨ ਵਾਸਤੇ ਖ਼ਾਸ ਖੇਤਰ ਵਧਾਉਣ ਨਾਲ ਸਮਾਨ ਵੰਡਣ ਦੀ ਕੁਸ਼ਲਤਾ ਵਧੇਗੀ ਅਤੇ ਸਮੁੱਚੇ ਤੌਰ 'ਤੇ ਲੰਦਨ ਦੀ ਅਰਥਵਿਵਸਥਾ ਨੂੰ ਵੱਡਾ ਲਾਭ ਪਹੁੰਚੇਗਾ।

**ਅੰਤ ਵਿੱਚ, ਆਵਾਜਾਈ ਨਿਯਮਾਂ ਨੂੰ ਲਾਗੂ ਕਰਨ ਤੋਂ ਇਕੱਠੀ ਹੋਈ ਸਾਰੀ ਜੁਰਮਾਨਾ ਵਸੂਲੀ ਨੂੰ ਮੁੜ ਲੰਦਨ ਦੀਆਂ ਸੜਕਾਂ ਅਤੇ ਆਵਾਜਾਈ ਨਿਯੰਤ੍ਰਣ ਵਿੱਚ ਸੁਧਾਰ ਕਰਨ ਲਈ ਵਰਤਿਆ ਜਾਵੇਗਾ।**

ਜੁਰਮਾਨੇ ਤੋਂ ਬਚਣ ਲਈ, ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਸੀਂ ਇਸ ਕਿਤਾਬਚੇ ਵਿੱਚ ਉਲੀਕੇ ਗਏ ਸਾਰੇ ਨਿਯਮਾਂ ਨੂੰ ਸਮਝਦੇ ਹੋਵੋ।



## ਦੂਜੀਆਂ ਭਾਸ਼ਾਵਾਂ ਵਿੱਚ ਕਿਤਾਬਚੇ

ਇਹ ਕਿਤਾਬਚਾ ਆਡੀਓ ਸੀਡੀ 'ਤੇ, ਵੱਡੇ ਅੱਖਰਾਂ ਵਿੱਚ ਅਤੇ ਇਨ੍ਹਾਂ ਭਾਸ਼ਾਵਾਂ ਵਿੱਚ ਮਿਲ ਸਕਦਾ ਹੈ: ਅਰਬੀ, ਬੰਗਾਲੀ, ਚੀਨੀ, ਅੰਗਰੇਜ਼ੀ, ਫ੍ਰੈਂਚ, ਗ੍ਰੀਕ, ਗੁਜਰਾਤੀ, ਹਿੰਦੀ, ਪੋਲਿਸ਼, ਸਪੈਨਿਸ਼, ਤੁਰਕਿਸ਼, ਉਰਦੂ ਅਤੇ ਵੀਅਤਨਾਮੀ।

ਕਾਪੀਆਂ ਲਈ **tfl.gov.uk** 'ਤੇ ਜਾਓ ਜਾਂ **020 7222 1234** (ਟੈਕਸਟਫ਼ੋਨ **020 7918 3015**) 'ਤੇ ਫ਼ੋਨ ਕਰੋ।

ਪ੍ਰਿੰਟ ਲਈ ਭੇਜੇ ਜਾਣ ਸਮੇਂ ਜਾਣਕਾਰੀ ਸਹੀ ਹੈ।
ਜੁਲਾਈ 2007

ਵਧੇਰੇ ਜਾਣਕਾਰੀ ਲਈ ਹਾਈਵੇ ਕੋਡ ਦੇਖੋ।

A41030 07/07